CUPE

# ਕੀ ਤੁਸੀਂ CUPE ਦੇ ਮੈਂਬਰ ਹੋ?
# ਆਰਜ਼ੀ ਇਮੀਗ੍ਰੇਸ਼ਨ ਸਥਿਤੀ ਵਿੱਚ ਕੰਮ ਕਰ ਰਹੇ ਹੋ?
# ਆਪਣੇ ਅਧਿਕਾਰਾਂ ਨੂੰ ਜਾਣੋ!

- ਕੀ ਤੁਸੀਂ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹੋ, ਇੱਕ ਅਸਥਾਈ ਵਰਕ ਪਰਮਿਟ ’ਤੇ ਹੋ, ਜਾਂ ਆਪਣੀ ਸਥਾਈ ਅਰਜੀ ਦੀ ਉਡੀਕ ਕਰ ਰਹੇ ਹੋ?
- ਕੀ ਤੁਹਾਡਾ ਵਰਕ ਪਰਮਿਟ ਜਲਦੀ ਖ਼ਤਮ ਹੋਣ ਵਾਲਾ ਹੈ?
- ਕੀ ਤੁਹਾਨੂੰ ਪੱਕੇ ਰਿਹਾਇਸ਼ੀ ਸਟੇਟਸ ਦਾ ਵਾਅਦਾ ਕੀਤਾ ਗਿਆ ਸੀ ਜੋ ਹੁਣ ਉਪਲਬਧ ਨਹੀਂ ਹੈ?



CUPE ਹਰ ਰੋਜ਼ ਆਪਣੇ ਮੈਂਬਰਾਂ ਲਈ ਲੜਾਈ ਕਰਦਾ ਹੈ, ਤੁਹਾਡੇ ਲਈ ਵੀ।

ਸਾਲ 2024 ਦੇ ਅਖੀਰ ਵਿੱਚ ਇਮੀਗ੍ਰੇਸ਼ਨ, ਰਫਿਊਜੀਸ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੀ ਮਨਿਸਟਰੀ ਰਾਹੀਂ ਫੈਡਰਲ ਸਰਕਾਰ ਨੇ ਇਮੀਗ੍ਰੇਸ਼ਨ ਨੀਤੀਆਂ ਵਿਚ ਹੂੰਜਾਫੇਰ ਤਬਦੀਲੀਆਂ ਕੀਤੀਆਂ ਹਨ। ਨਤੀਜੇ ਵਜੋਂ, ਇਕ ਅਨੁਮਾਨ ਅਨੁਸਾਰ 2025-2027 ਦੇ ਸਮੇਂ ਦੌਰਾਨ 2.3 ਮਿਲੀਅਨ ਲੋਕ ਆਪਣੇ ਕੰਮ ਦੇ ਪਰਮਿਟ ਗੁਆ ਲੈਣਗੇ ਅਤੇ ਉਨ੍ਹਾਂ ਨੂੰ ਦੇਸ਼ ਤੋਂ ਕੱਢੇ ਜਾਣ ਦੀ ਵੀ ਖਤਰਾ ਹੋਵੇਗਾ।

ਇਹ ਤਬਦੀਲੀਆਂ CUPE ਦੇ ਉਨ੍ਹਾਂ ਮੈਂਬਰਾਂ ਨੂੰ ਪ੍ਰਭਾਵਤ ਕਰਦੀਆਂ ਹਨ ਜਿਨ੍ਹਾਂ ਦੇ ਕੋਲ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਅਤੇ ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਦੇ ਅਧੀਨ ਅਸਥਾਈ ਇਮੀਗ੍ਰੇਸ਼ਨ ਦਾ ਹੱਕ ਹੈ।

ਮੌਜੂਦਾ ਮੈਂਬਰ, ਜਿਨ੍ਹਾਂ ਕੋਲ ਅਸਥਾਈ ਵਰਕ ਪਰਮਿਟ ਹਨ, ਹੁਣ ਸ਼ਾਇਦ ਆਪਣਾ ਪਰਮਿਟ ਨਵਾਂ ਨਾ ਕਰਵਾ ਸਕਣ ਜਾਂ ਸਥਾਈ ਨਿਵਾਸ ਲਈ ਰਸਤਾ ਨਾ ਮਿਲ ਸਕੇ। ਜੇਕਰ ਤੁਸੀਂ ਜਾਂ ਤੁਹਾਡੀ ਜਾਣ ਪਛਾਣ ਵਾਲਾ ਕੋਈ ਇਨ੍ਹਾਂ ਤਬਦੀਲੀਆਂ ਨਾਲ ਪ੍ਰਭਾਵਿਤ ਹੈ, ਤਾਂ ਕ੍ਰਿਪਾ ਕਰਕੇ ਇਸ ਈਮੇਲ ’ਤੇ ਸੰਪਰਕ ਕਰੋ: migrantrights@cupe.ca

- ਜੇ ਤੁਹਾਡੇ ਕੋਲ ਖੁੱਲ੍ਹਾ ਵਰਕ ਪਰਮਿਟ ਹੈ, ਤਾਂ ਤੁਸੀਂ ਉਦੋਂ ਤਕ ਕੰਮ ਕਰਨ ਦਾ ਅਧਿਕਾਰ ਰੱਖਦੇ ਹੋ ਜਦੋਂ ਤਕ ਇਹ ਖਤਮ ਨਹੀਂ ਹੁੰਦਾ ਜਾਂ ਜਦੋਂ ਤੱਕ ਤੁਸੀਂ ਆਪਣਾ ਸਟੇਟਸ ਕਾਇਮ ਰੱਖਦੇ ਹੋ।
- ਕੁਝ ਕਿਸਮਾਂ ਦੇ ਵਰਕ ਪਰਮਿਟਾਂ ਲਈ ਮਾਲਕ ਦੀ ਭਾਗੀਦਾਰੀ ਅਤੇ ਮਾਲਕਾਂ ਤੋਂ ਪੱਤਰਾਂ ਦੀ ਜ਼ਰੂਰਤ ਹੁੰਦੀ ਹੈ। ਜੇ ਤੁਹਾਨੂੰ ਇਨ੍ਹਾਂ ਦਸਤਾਵੇਜ਼ਾਂ ਨੂੰ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ ਤਾਂ ਆਪਣੀ ਯੂਨੀਅਨ ਨਾਲ ਸੰਪਰਕ ਕਰੋ।
- ਜੇ ਤੁਸੀਂ ਬਿਨਾਂ ਰੁਤਬੇ (ਅਨਡਾਕੂਮੈਂਟਿਡ) ਦੇ ਮੈਂਬਰ ਹੋ ਅਤੇ ਸਟੇਟਸ ਤੋਂ ਬਿਨਾਂ ਕੰਮ ਕਰ ਰਹੇ ਹੋ, ਤਾਂ ਤੁਸੀਂ ਫੇਰ ਵੀ ਆਪਣੀ ਯੂਨੀਅਨ ਵਿਚ ਸ਼ਾਮਲ ਹੋ ਸਕਦੇ ਹੋ ਅਤੇ ਅਸੀਂ ਤੁਹਾਨੂੰ ਸੁਝਾਅ ਦਿੰਦੇ ਹਾਂ ਕਿ ਤੁਸੀਂ ਤੁਰੰਤ ਕਾਨੂੰਨੀ ਇਮੀਗ੍ਰੇਸ਼ਨ ਸਲਾਹ ਪ੍ਰਾਪਤ ਕਰੋ।

## ਸਭ ਲਈ ਸਟੇਟਸ

CUPE ਦਾ ਯਕੀਨ ਹੈ ਕਿ ਸਾਰਿਆਂ ਕੋਲ ਸਟੇਟਸ ਹੋਣਾ ਚਾਹੀਦਾ ਹੈ - ਇਸਦਾ ਅਰਥ ਹੈ ਕਿ ਕਨੇਡਾ ਦੇ ਕਿਸੇ ਵੀ ਵਸਨੀਕ ਨੂੰ ਅਸਥਾਈ ਸਟੇਟਸ ’ਤੇ ਜੀਉਣਾ ਨਾ ਪਵੇ। ਅਸਥਾਈ ਸਟੇਟਸ ਅਸਥਿਰਤਾ ਪੈਦਾ ਕਰਦਾ ਹੈ ਤੇ ਇਸ ਸਥਿਤੀ ਵਿਚ ਪ੍ਰਵਾਸੀ ਮਜ਼ਦੂਰ ਕੰਮ ਮਾਲਕ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਸਕਦੇ ਹਨ। ਇਸ ਸਬੰਧ ਵਿਚ ਇਕੱਲਿਆਂ ਕਾਰਵਾਈ ਕਰਨੀ ਮੁਸ਼ਕਲ ਹੈ ਪਰ ਦੂਜੇ ਮਜ਼ਦੂਰਾਂ ਅਤੇ ਜਥੇਬੰਦੀਆਂ ਨਾਲ ਮਿਲ ਅਸੀਂ ਤਬਦੀਲੀ ਲਈ ਲੜ ਸਕਦੇ ਹਾਂ।